# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਨਗਰ ਨਿਗਮ ਦੇ ਕੌਂਸਲਰਾਂ ਨਾਲ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਹੁਸ਼ਿਆਰਪੁਰ ਦੌਰੇ ਸਬੰਧੀ ਕੀਤੀ ਮੀਟਿੰਗ

ਹੁਸ਼ਿਆਰਪੁਰ 7 ਅਗਸਤ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਿਧਾਨਸਭਾ ਹਲਕਾ ਹੁਸ਼ਿਆਰਪੁਰ ਦੇ ਪਿੰਡਾਂ ਅਤੇ ਨਗਰ ਨਿਗਮ ਦੇ ਵਾਰਡਾਂ ਦੇ ਵਿਕਾਸ ਕੰਮਾਂ ਸਬੰਧੀ 9 ਅਤੇ 10 ਅਗਸਤ ਨੂੰ ਸੰਗਤ ਦਰਸ਼ਨ ਕਰਨ ਲਈ ਪਹੁੰਚ ਰਹੇ ਹਨ ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਅੱਜ ਮੇਅਰ ਹਾਊਸ ਵਿਖੇ ਨਗਰ ਨਿਗਮ ਦੇ ਕੌਂਸਲਰਾਂ ਦੀ ਮੀਟਿੰਗ ਦੌਰਾਨ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ 9 ਅਗਸਤ ਨੂੰ ਵਿਧਾਨਸਭਾ ਹਲਕਾ ਹੁਸ਼ਿਆਰਪੁਰ ਦੀਆਂ 58 ਪੰਚਾਇਤਾਂ ਨਾਲ ਸੰਗਤ ਦਰਸ਼ਨ ਕਰਨਗੇ ਜਿਹਨਾਂ ਵਿੱਚੋਂ ਸਵੇਰੇ 9 ਵਜੇ ਆਯੂਰਵੇਦਿਕ ਯੂਨੀਵਰਸਿਟੀ ਖੜ੍ਕਾਂ ਵਿਖੇ 9 ਪੰਚਾਇਤਾਂ, 10:30 ਵਜੇ ਡੇਰਾ ਬਾਬਾ ਵਿਸ਼ਨ ਦਾਸ ਨਾਰਾ ਵਿਖੇ 10 ਪੰਚਾਇਤਾਂ, ਦੁਪਹਿਰ 12 ਵਜੇ ਜੇ.ਸੀ.ਟੀ. ਚੌਹਾਲ ਵਿਖੇ 10 ਪੰਚਾਇਤਾਂ, ਦੁਪਹਿਰ ਬਾਅਦ 3 ਵਜੇ ਮਾਹਿਲਾਂਵਾਲੀ ਵਿਖੇ 14 ਪੰਚਾਇਤਾਂ ਅਤੇ ਸ਼ਾਮ 4:30 ਵਜੇ ਪੀ.ਆਰ.ਟੀ.ਸੀ. ਜਹਾਨਖੇਲਾਂ ਵਿਖੇ 15 ਪੰਚਾਇਤਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਹਨਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਤਕਸ਼ੀਮ ਕਰਨਗੇ ਉਹਨਾਂ ਹੋਰ ਦੱਸਿਆ ਕਿ 10 ਅਗਸਤ ਨੂੰ ਹੁਸ਼ਿਆਰਪੁਰ ਵਿਖੇ ਨਗਰ ਨਿਗਮ ਦੇ 50 ਵਾਰਡਾਂ ਦੇ ਕੌਂਸਲਰਾਂ ਨਾਲ ਸੰਗਤ ਦਰਸ਼ਨ ਕਰਨਗੇ ਜਿਹਨਾਂ ਵਿਚੋਂ ਸਵੇਰੇ 9 ਵਜੇ ਖੇਤੀਬਾੜੀ ਭਵਨ ਵਿਖੇ ਵਾਰਡ ਨੰ: 8 ਤੋਂ 18, 29 ਅਤੇ 30 ਵਾਰਡ ਦੇ ਕੌਂਸਲਰਾਂ ਨਾਲ ਸੰਗਤ ਦਰਸ਼ਨ ਕਰਨਗੇ, 10:30 ਵਜੇ ਡੇਰਾ ਬਾਬਾ ਚਰਨਸ਼ਾਹ ਬਹਾਦੁਰਪੁਰ ਵਿਖੇ ਵਾਰਡ ਨੰ: 1 ਤੋਂ 7, 34 ਤੋਂ 38 ਅਤੇ ਵਾਰਡ ਨੰ: 49 ਦੇ ਕੌਂਸਲਰਾਂ ਨਾਲ ਸੰਗਤ ਦਰਸ਼ਨ ਕਰਨਗੇ ਇਸ ਉਪਰੰਤ 12 ਵਜੇ ਸਰਕਾਰੀ ਬਹੁ-ਤਕਨੀਕੀ ਕਾਲਜ ਹੁਸ਼ਿਆਰਪੁਰ ਵਿਖੇ ਵਾਰਡ ਨੰ: 19 ਤੋਂ 28, 41,44 ਅਤੇ 45 ਦੇ ਕੌਂਸਲਰਾਂ ਨਾਲ ਸੰਗਤ ਦਰਸ਼ਨ ਅਤੇ ਦੁਪਹਿਰ ਬਾਅਦ 3 ਵਜੇ ਨੇੜੇ ਰੋਸ਼ਨ ਗਰਾਊਂਡ ਵਿਖੇ ਵਾਰਡ ਨੰਬਰ 31 ਤੋਂ 33, 39,40,42,43,46,47, 48 ਅਤੇ 50 ਨੰਬਰ ਵਾਰਡ ਦੇ ਕੌਂਸਲਰਾਂ ਨਾਲ ਸੰਗਤ ਦਰ਼ਸਨ ਕਰਕੇ ਉਹਨਾਂ ਨੂੰ ਵਿਕਾਸ ਕਰਾਜਾਂ ਸਬੰਧੀ ਚੈੱਕ ਤਕਸੀਮ ਕਰਨਗੇ ਉਹਨਾਂ ਸਾਰੇ ਕੌਂਸਲਰਾਂ ਨੂੰ ਕਿਹਾ ਕਿ ਉਹ ਸਮੇਂ ਸਿਰ ਪਹੁੰਚ ਕੇ ਮੁੱਖ ਮੰਤਰ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਵਾਰਡ ਸਬੰਧੀ ਮੁਸਕਿਲਾਂ ਬਾਰੇ ਜਾਣਕਾਰੀ ਦੇਣ ਤਾਂ ਜ਼ੋ ਉਹਨਾਂ ਵੱਲੋਂ ਵਿਕਾਸ ਕਾਰਜਾਂ ਲਈ ਵੱਧ ਤੋਂ ਵੱਧ ਗਰਾਂਟ ਦਿੱਤੀ ਜਾ ਸਕੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਸਹਾਇਕ ਇੰਜੀਨੀਅਰ ਹਰਪ੍ਰੀਤ ਸਿੰਘ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਜਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਅਰਚਨਾ ਜੈਨ ਅਤੇ ਨਗਰ ਨਿਗਮ ਦੇ ਕੌਂਸਲਰ ਇਸ ਮੌਕੇ ਤੇ ਹਾਜ਼ਰ ਸਨ।